# ਦਫਤਰ ਜ਼ਿਲਾ ਸਿੱਖਿਆ ਅਫਸਰ (ਸੈ.ਸਿ) ਸੰਗਰੂਰ

ਵੱਲ-

ਸਮੂਹ ਸਕੂਲ ਮੁਖੀ,
ਸਸਸਸ/ਸਹਸ/ਸਮਿਸ
ਜ਼ਿਲਾ ਸੰਗਰੂਰ ।

ਪੱਤਰ ਨੰ. ਜ-1( )/2018-19/418
ਮਿਤੀ ਸੰਗਰੂਰ 21.09.2018

ਵਿਸ਼ਾ- ਮਿਸ਼ਨ ਤੰਦਰੁਸਤ ਪੰਜਾਬ ਤਹਿਤ ਕਰਵਾਈਆਂ ਗਈਆਂ ਗਤੀਵਿਧੀਆ ਦੀ ਰਿਪੋਰਟ ਭੇਜਣ ਸਬੰਧੀ ।

ਹਵਾਲਾ- ਮਾਨਯੋਗ ਡਿਪਟੀ ਕਮਿਸ਼ਨਰ ਸਾਹਿਬ , ਸੰਗਰੂਰ ਜੀ ਦੇ ਦਫਤਰ ਦੇ ਪੱਤਰ ਨੰ. 13884-908/ਐਮ.ਸੀ 3 ਮਿਤੀ 7.09.2018 ਸਬੰਧੀ ।

ਵਿਸ਼ਾ ਅੰਕਿਤ ਹਵਾਲਾ ਅਧੀਨ ਪੱਤਰ ਰਾਹੀਂ ਜਾਰੀ ਹੋਏ ਹੁਕਮਾਂ ਦੀ ਪਾਲਣਾ ਹਿੱਤ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਦੁਆਰਾ ਚਾਲਾਏ ਜਾ ਰਹੇ ਮਿਸ਼ਨ ਤੰਦਰੁਸਤ ਪੰਜਾਬ ਮੁਹਿੰਮ ਨਾਲ ਸਬੰਧਤ ਹੇਠ ਲਿਖੀਆਂ ਗਤੀਵਿਧੀਆਂ ਆਪਣੇ-ਆਪਣੇ ਸਕੂਲ ਵਿੱਚ ਕਰਵਾਈਆਂ ਜਾਣ ਜੀ -

1) ਸਕੂਲ ਵਿੱਚ ਸਵੇਰ ਦੀ ਸਭਾ ਵਿੱਚ ਬੱਚਿਆਂ ਨੂੰ ਸ਼ਾਰੀਰਿਕ ਕਸਰਤ ਕਰਵਾਉਣੀ , ਬੱਚਿਆਂ ਵਿੱਚ ਖੇਡਾਂ ਪ੍ਰਤੀ ਉਤਸ਼ਾਹ ਪੈਦਾ ਕਰਨਾ ਅਤੇ ਕਲਚਰਲ ਗਤੀਵਿਧੀਆਂ ਕਰਵਾਉਣਾ ।
2) ਮਿਡ ਡੇ ਮੀਲ ਸਕੀਮ ਤਹਿਤ ਵਿਦਿਆਰੀਆਂ ਨੂੰ ਪੋਸ਼ਟਿਕ ਖਾਣਾ ਉਪਲੱਬਧ ਕਰਵਾਉਣਾ ।
3) ਸਕੂਲ ਬਾਥਰੂਮ ਅਤੇ ਪਖਾਨੇਆਂ ਦੀ ਸਾਫ ਸਫਾਈ ਕਰਵਾਉਣਾ ।
4) ਸਕੂਲ ਦੀਆਂ ਵਿਦਿਆਰਥਣਾਂ ਨੂੰ ਸੈਨਟਰੀ ਪੈਡ ਅਤੇ ਪਰਸਨਲ ਹਾਈਜੀਨ ਸਬੰਧੀ ਜਾਗਰੂਕ ਕਰਨਾ ।
5) ਬੱਚਿਆਂ ਦਾ ਰੈਗੂਲਰ ਹੈਲਥ ਚੈਕ ਅੱਪ ਕਰਵਾਉਣਾ ਅਤੇ ਸਿਹਤ ਵਿਭਾਗ ਦੀ ਟੀਮ ਨੂੰ ਸਹਿਯੋਗ ਦੇਣਾ ।

ਉਕਤ ਗਤੀਵਿਧੀਆਂ ਨੂੰ ਸਕੂਲ ਸਮੇਂ ਦੌਰਾਨ ਕਰਵਾ ਕੇ ਫੋਟੋਗ੍ਰਾਫ ਇਸ ਦਫਤਰ ਨੂੰ ਮਿਤੀ 22.09.2018 ਤੱਕ ਹਰ ਹਾਲਤ ਵਿੱਚ ਭੇਜੇ ਜਾਣ ।ਸੂਚਨਾ ਹੇਠ ਲਿਖੇ ਪ੍ਰੋਫਾਰਮੇ ਵਿੱਚ ਵੀ ਇਸ ਦਫਤਰ ਦੀ ਵੈਬ.ਸਾਈਟ ਤੇ ਭੇਜਣੀ ਯਕੀਣੀ ਬਣਾਈ ਜਾਵੇ ।ਸੂਚਨਾ ਨਿਰਧਾਰਿਤ ਸਮੇਂ ਵਿੱਚ ਭੇਜਣੀ ਜ਼ਰੂਰੀ ਹੈ ਜੀ ।

| ਲੜੀ ਨੰ. | ਸਕੂਲ ਦਾ ਨਾਂ | ਤੰਦਰੁਸਤ ਪੰਜਾਬ ਤਹਿਤ ਕਰਵਾਈ ਗਈ ਗਤੀਵਿਧੀ | ਕਿੰਨੇ ਵਿਦਿਆਰਥੀਆਂ ਨੇ ਭਾਗ ਲਿਆ | ਸੈਨਟਰੀ ਪੈਡ ਸਬੰਧੀ ਕਰਵਾਈ ਗਈ ਜਾਗਰੂਕਤਾ ਵਿੱਚ ਹਾਜ਼ਰ ਵਿਦਿਆਰਥਣਾਂ ਦੀ ਗਿਣਤੀ | ਕੋਈ ਹੋਰ ਗਤੀਵਿਧੀ ਜੇਕਰ ਕਰਵਾਈ ਹੋਵੇ ਤਾਂ ਵੇਰਵਾ ਦਿਓ | ਵਿਸ਼ੇਸ਼ ਕਥਨ |
|---|---|---|---|---|---|---|
| | | | | | | |

21/9/18
ਜ਼ਿਲਾ ਸਿੱਖਿਆ ਅਫਸਰ (ਸੈਂ.ਸਿ)
ਸੰਗਰੂਰ